ਟ੍ਰਾਂਜ਼ਿਸ਼ਨ

CRITICAL ILLNESS INSURANCE

# ਗੰਭੀਰ ਬਿਮਾਰੀ ਦੀ ਸਥਿਤੀ ਵਿੱਚ ਵਿੱਤੀ ਰਾਹਤ



iA Financial Group

# iA ਫਾਇਨੈਂਸ਼ੀਅਲ ਗਰੁੱਪ, ਗੰਭੀਰ ਬੀਮਾਰੀ ਬੀਮਾ ਵਿੱਚ ਆਗੂ!

2000 ਵਿੱਚ ਲਾਂਚ ਹੋਣ ਤੋਂ ਬਾਅਦ, ਟ੍ਰਾਂਜ਼ਿਸ਼ਨ ਐਨੀ ਜਲਦੀ ਕੈਨੇਡਾ ਦਾ ਸਭ ਤੋਂ ਵੱਧ ਵਿਕਣ ਵਾਲਾ ਗੰਭੀਰ ਬੀਮਾਰੀ ਨਾਲ ਜੁੜਿਆ ਬੀਮਾ ਉਤਪਾਦ ਬਣ ਗਿਆ ਹੈ!
ਜਾਣਕਾਰੀ ਪ੍ਰਾਪਤ ਕਰੋ ਕਿ ਅਸੀਂ ਕਿਸ ਤਰਾਂ ਤੁਹਾਡੀ ਵਿੱਤੀ ਮਦਦ ਕਰ ਸਕਦੇ ਹਾਂ ਜੇ ਕਿਸੇ ਗੰਭੀਰ ਬਿਮਾਰੀ ਦਾ ਪਤਾ ਲੱਗਣ ਤੇ ਤੁਹਾਡੀ ਜਾਂ ਤੁਹਾਡੇ ਅਜ਼ੀਜ਼ਾਂ ਦੀਆਂ ਜ਼ਿੰਦਗੀਆਂ ਅਚਾਨਕ ਮੁਸ਼ਕਲ ਹੋ ਜਾਂਦੀ ਹੈ।



## ਜਦੋਂ ਤੁਹਾਡੀ ਜ਼ਿੰਦਗੀ ਅਚਾਨਕ ਬਦਲ ਜਾਂਦੀ ਹੈ

ਕੋਈ ਗੰਭੀਰ ਬਿਮਾਰੀ ਹੋਣ ਕਰਕੇ ਕਈ ਵਾਰ ਤੁਹਾਨੂੰ ਠੀਕ ਹੋਣ 'ਤੇ ਧਿਆਨ ਦੇਣ ਲਈ ਆਪਣੀ ਨੌਕਰੀ ਵੀ ਛੱਡਣੀ ਪੈ ਸਕਦੀ ਹੈ ਭਾਵੇਂ ਤੁਹਾਨੂੰ ਆਮਦਨੀ ਦਾ ਨੁਕਸਾਨ ਹੋ ਰਿਹਾ ਹੋਵੇ, ਬਿੱਲਾਂ ਅਤੇ ਕਰਜ਼ਿਆਂ ਦਾ ਅਜੇ ਵੀ ਭੁਗਤਾਨ ਕਰਨਾ ਪੈਂਦਾ ਹੈ, ਇਸਦੇ ਨਾਲ ਗੰਭੀਰ ਬਿਮਾਰੀ ਨਾਲ ਸਬੰਧਤ ਵਾਧੂ ਖਰਚੇ ਵੀ ਝੱਲਣੇ ਪੈਂਦੇ ਹਨ (ਦਵਾਈਆਂ, ਵਿਸ਼ੇਸ਼ ਇਲਾਜ, ਘਰ ਦੀਆਂ ਤਬਦੀਲੀਆਂ, ਘਰੇ ਸਪੋਰਟ, ਬੱਚੇ ਦੀ ਦੇਖਭਾਲ, ਆਦਿ)। ਇਸਦਾ ਵਿੱਤੀ ਬੋਝ ਚਿੰਤ ਬਣ ਸਕਦਾ ਹੈ, ਖਾਸ ਕਰਕੇ ਜੇਕਰ ਤੁਹਾਡੇ ਰਿਕਵਰੀ ਪੀਰੀਅਡ ਦੌਰਾਨ ਤੁਹਾਡੇ ਕੋਲ ਆਮਦਨ ਦਾ ਕੋਈ ਹੋਰ ਸਰੋਤ ਵਾ ਹੋਵੇ।

## ਟ੍ਰਾਂਜ਼ਿਸ਼ਨ, ਤੁਹਾਡੇ ਲਈ ਡਿਜ਼ਾਇਨ ਕੀਤਾ ਗਿਆ ਹੈ!

ਟ੍ਰਾਂਜ਼ਿਸ਼ਨ ਤੁਹਾਡੀਆਂ ਖਾਸ ਲੋੜਾਂ ਨੂੰ ਪੂਰਾ ਕਰਨ ਲਈ ਸੁਵਿਧਾਜਨਕ ਤਰੀਕੇ ਨਾਲ ਵਿਆਪਕ ਗੰਭੀਰ ਬੀਮਾਰੀ ਕਵਰੇਜ ਪ੍ਰਦਾਨ ਕਰਦਾ ਹੈ। ਬੀਮੇ ਦਾ ਭੁਗਤਾਨ, **ਇੱਕ ਟੈਕਸ ਮੁਕਤ, ਇਕਮੁਸ਼ਤ ਰਕਮ** ਦੇ ਤੌਰ ਤੇ ਕੀਤਾ ਜਾਂਦਾ ਹੈ, ਜਿਸ ਦੀ ਵਰਤੋਂ ਤੁਸੀਂ ਆਪਣੀ ਮਰਜੀ ਨਾਲ ਕਰ ਸਕਦੇ ਹੋ, ਜਿਵੇਂ ਕਿ:

— ਆਪਣੀ ਜਾਂ ਆਪਣੇ ਜੀਵਨ ਸਾਥੀ ਦੀ ਆਮਦਨੀ ਨੂੰ ਰਿਪਲੇਸ ਕਰੋ, ਜੋ ਤੁਹਾਡੇ ਨਾਲ ਰਹਿਣ ਅਤੇ ਤੁਹਾਡੀ ਦੇਖਭਾਲ ਕਰਨ ਲਈ ਕੰਮ ਤੋਂ ਛੁੱਟੀ ਲੈ ਸਕਦਾ ਹੈ

— ਕੁਝ ਵਿੱਤੀ ਜ਼ਿੰਮੇਵਾਰੀਆਂ ਦਾ ਭੁਗਤਾਨ ਕਰੋ, ਜਿਵੇਂ ਕਿ ਤੁਹਾਡੀ ਮੌਰਟਗੇਜ

— ਜਨਤਕ ਬੀਮਾ ਯੋਜਨਾਵਾਂ ਦੁਆਰਾ ਕਵਰ ਨਹੀਂ ਹੋਣ ਵਾਲੇ ਡਾਕਟਰੀ ਇਲਾਜ ਤੱਕ ਪਹੁੰਚ ਕਰੋ, ਅਤੇ ਹੋਰ ਬਹੁਤ ਕੁਝ

## ਤੁਹਾਡੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਦੋ ਸੰਸਕਰਣ

### ਟ੍ਰਾਂਜ਼ਿਸ਼ਨ - 25 ਬਿਮਾਰੀਆਂ

ਤੁਹਾਡੇ ਅਤੇ ਤੁਹਾਡੇ ਬੱਚਿਆਂ ਲਈ ਵਿਆਪਕ ਕਵਰੇਜ, ਤੁਹਾਡੇ ਕਾਰੋਬਾਰ ਦੀ ਵਿੱਤੀ ਸਿਹਤ ਨੂੰ ਸੁਰੱਖਿਅਤ ਰੱਖਣ ਲਈ, ਜਾਂ ਤੁਹਾਡੀ ਬੁਢਾਪੇ ਦੀ ਬੱਚਤਾਂ ਦੀ ਰੱਖਿਆ ਕਰਨ ਲਈ।
ਇਸਦੀ ਲਚਕਤਾ ਅਤੇ ਵਿਕਲਪਾਂ ਦੀ ਰੇਂਜ ਦੇ ਨਾਲ, ਇਹ ਤੁਹਾਡੇ ਲਈ ਸੰਪੂਰਨ ਹੱਲ ਹੋ ਸਕਦਾ ਹੈ।

### ਟ੍ਰਾਂਜ਼ਿਸ਼ਨ - 4 ਬਿਮਾਰੀਆਂ

ਚਾਰ ਸਭ ਤੋਂ ਆਮ ਬਿਮਾਰੀਆਂ ਨੂੰ ਕਵਰ ਕਰਨ ਵਾਲਾ ਇੱਕ ਤੇਜ਼ ਅਤੇ ਵਧੇਰੇ ਕਿਫਾਇਤੀ ਹੱਲ।[1] 50% ਘੱਟਦੀ ਬੀਮਾ ਰਕਮ ਦੇ ਵਿਕਲਪ ਦੇ ਨਾਲ, ਇਸ ਦੀ ਵਰਤੋਂ ਆਪਣੀ ਮੌਰਟਗੇਜ ਨੂੰ ਕਵਰ ਕਰਨ ਲਈ ਕੀਤੀ ਜਾ ਸਕਦੀ ਹੈ।es.

(+) ਟ੍ਰਾਂਜ਼ਿਸ਼ਨ ਇੱਕ ਵਿਅਕਤੀਗਤ ਪਾਲਿਸੀ ਦੇ ਰੂਪ ਵਿੱਚ ਜਾਂ ਇੱਕ ਵੱਖਰੇ ਵਿਅਕਤੀਗਤ ਬੀਮਾ ਉਤਪਾਦ ਲਈ ਰਾਈਡਰ ਵਜੋਂ ਉਪਲਬਧ ਹੈ।

## ਟ੍ਰਾਂਜ਼ਿਸ਼ਨ ਦੇ ਬਹੁਤ ਸਾਰੇ ਫਾਇਦੇ

— 25 ਜਾਂ 4 ਬਿਮਾਰੀਆਂ ਲਈ ਕਵਰੇਜ, 10, 20, 25 ਸਾਲ, 75 ਸਾਲ ਦੀ ਉਮਰ ਤੱਕ, ਜਾਂ ਜੀਵਨ ਭਰ

— ਕਵਰੇਜ ਦੀ ਮਾਤਰਾ $10,000 ਤੋਂ $3,000,000 ਤੱਕ ਹੈ

— ਵੱਖ-ਵੱਖ ਮਾਤਰਾਵਾਂ ਅਤੇ ਮਿਆਦਾਂ ਦੇ ਨਾਲ 25- ਅਤੇ 4-ਬਿਮਾਰੀਆਂ ਵਾਲੇ ਕਵਰੇਜ ਨੂੰ ਜੋੜਨ ਦੀ ਸੰਭਾਵਨਾ

— ਰੋਕਥਾਮ + ਗੈਰ-ਜਾਨ-ਖਤਰੇ ਵਾਲੀਆਂ ਡਾਕਟਰੀ ਸਥਿਤੀਆਂ ਲਈ

— ਤੁਹਾਡੀ ਸਿਹਤ ਸਥਿਤੀ ਦੀ ਪਰਵਾਹ ਕੀਤੇ ਬਿਨਾਂ, ਮਿਆਦ ਦੀ ਸੁਰੱਖਿਆ ਲਈ ਗਾਰੰਟੀਸ਼ੁਦਾ ਪ੍ਰੀਮੀਅਮ ਅਤੇ ਨਵੀਨੀਕਰਨ

— ਮੁਫਤ ਮੈਡੀਗਾਈਡ ਮੈਡੀਕਲ ਦੂਜੀ ਰਾਏ ਦੀ ਸੇਵਾ

(+) ਇਸ ਤੋਂ ਇਲਾਵਾ, ਕਈ ਤਰ੍ਹਾਂ ਦੇ ਵਿਕਲਪ ਉਪਲਬਧ ਹਨ, ਜਿਵੇਂ ਕਿ ਪ੍ਰੀਮੀਅਮਾਂ ਦੀ ਸੁਵਿਧਾਜਨਕ ਵਾਪਸੀ।

**ਮਹੱਤਵਪੂਰਨ:** ਬੀਮੇ ਦੀ ਰਕਮ ਪ੍ਰਾਪਤ ਕਰਨ ਦੇ ਯੋਗ ਬਣਨ ਲਈ, ਗੰਭੀਰ ਬਿਮਾਰੀ ਦਾ ਤਸ਼ਖੀਸ ਪਾਲਿਸੀ ਵਿਚ ਦਿੱਤੀ ਗਈ ਪਰਿਭਾਸ਼ਾ ਦੇ ਨਾਲ ਮੇਲ ਖਾਣੀ ਚਾਹੀਦੀ ਹੈ। ਇਸ ਪਰਿਭਾਸ਼ਾ ਵਿੱਚ ਕੁਝ ਅਲਹਿਦਗੀ ਜਾਂ ਸੀਮਾਵਾਂ ਸ਼ਾਮਲ ਹੋ ਸਕਦੀਆਂ ਹਨ।

[1] ਮਿਊਨਿਕ ਰੀ ਦੇ ਵਿਅਕਤੀਗਤ ਬੀਮਾ ਸਰਵੇਖਣ, 2022 ਦੇ ਅਨੁਸਾਰ, ਉਦਯੋਗ ਦੇ ਭੁਗਤਾਨ ਕੀਤੇ ਗੰਭੀਰ ਬੀਮਾਰੀ ਦੇ ਦਾਅਵਿਆਂ ਵਿਚੋਂ 85% ਦਾਅਵੇ ਇਨ੍ਹਾਂ 4 ਬਿਮਾਰੀਆਂ ਦੇ ਹੀ ਹੁੰਦੇ ਹਨ।

## ਇਨ੍ਹਾਂ ਬਿਮਾਰੀਆਂ ਨੂੰ ਕਵਰ ਕੀਤਾ ਜਾਂਦਾ ਹੈ

### ਟ੍ਰਾਂਜ਼ਿਸ਼ਨ - 25 ਬਿਮਾਰੀਆਂ

- ਏਓਰਟਿਕ ਸਰਜਰੀ
- ਏਪਲਾਸਟਿਕ ਅਨੀਮੀਆ
- ਬੈਕਟਰੀਆ ਮੈਨਿਨਜਾਈਟਿਸ
- ਬਿਨਾਇਨ ਦਿਮਾਗ ਦਾ ਟਿਊਮਰ
- ਅੰਨ੍ਹਾਪਣ
- ਕੈਂਸਰ (ਜਾਨ ਨੂੰ ਖ਼ਤਰਾ)
- ਕੋਮਾ
- ਕੋਰੋਨਰੀ ਆਰਟਰੀ ਬਾਈਪਾਸ ਸਰਜਰੀ
- ਬਹਿਰਾਪਨ
- ਡਿਮੈਂਸ਼ੀਆ, ਅਲਜ਼ਾਈਮਰ ਰੋਗ ਸਮੇਤ
- ਦਿਲ ਦਾ ਦੌਰਾ
- ਦਿਲ ਦੇ ਵਾਲਵ ਨੂੰ ਬਦਲਣਾ ਜਾਂ ਮੁਰੰਮਤ ਕਰਨਾ
- ਗੁਰਦੇ ਫੇਲ੍ਹ ਹੋਣ
- ਸੁਤੰਤਰ ਹੋਂਦ ਦਾ ਨੁਕਸਾਨ
- ਅੰਗਾਂ ਦਾ ਨੁਕਸਾਨ
- ਆਵਾਜ਼ ਚੱਲੀ ਜਾਣਾ
- ਟ੍ਰਾਂਸਪਲਾਂਟ ਲਈ ਉਡੀਕ ਸੂਚੀ ਵਿੱਚ ਮੁੱਖ ਅੰਗ ਖ਼ਰਾਬ ਹੋਣਾ
- ਮੁੱਖ ਅੰਗ ਟ੍ਰਾਂਸਪਲਾਂਟ
- ਮੋਟਰ ਨਿਊਰੋਨ ਬਿਮਾਰੀ
- ਮਲਟੀਪਲ ਸੋਲੇਰੋਸਾਇਸਿਸ
- ਕਿੱਤਾਮੁਖੀ HIV ਦੀ ਲਾਗ
- ਲਕਵਾ
- ਪਾਰਕਿੰਸਨ' ਰੋਗ ਅਤੇ ਨਿਰਧਾਰਤ ਏਟੀਪੀਕਲ ਪਾਰਕਿੰਸਨਿਅਨ ਵਿਕਾਰ
- ਗੰਭੀਰ ਜਲਣਾ
- ਦੌਰਾ

### ਟ੍ਰਾਂਜ਼ਿਸ਼ਨ - 4 ਬਿਮਾਰੀਆਂ

- ਕੈਂਸਰ (ਜਾਨ ਨੂੰ ਖ਼ਤਰਾ)
- ਕੋਰੋਨਰੀ ਆਰਟਰੀ ਬਾਈਪਾਸ ਸਰਜਰੀ
- ਦਿਲ ਦਾ ਦੌਰਾ
- ਦੌਰਾ



## ਰੋਕਥਾਮ +

ਟ੍ਰਾਂਜ਼ਿਸ਼ਨ ਕਵਰੇਜ ਵਿੱਚ ਰੋਕਥਾਮ + ਲਾਭ ਸ਼ਾਮਲ ਹੁੰਦਾ ਹੈ, ਜੋ ਕੁਝ ਗੈਰ-ਜਾਨ-ਖਤਰੇ ਵਾਲੀਆਂ ਗੰਭੀਰ ਬਿਮਾਰੀਆਂ ਅਤੇ ਡਾਕਟਰੀ ਸਥਿਤੀਆਂ ਨੂੰ ਕਵਰ ਕਰਦਾ ਹੈ। ਇਹ ਲਾਭ ਤੁਹਾਡੀ ਕਵਰੇਜ ਰਕਮ ਦੇ 15% ਦੇ ਬਰਾਬਰ ਹੁੰਦਾ ਹੈ ਅਤੇ ਵੱਧ ਤੋਂ ਵੱਧ $50,000 ਪ੍ਰਤੀ ਦਾਅਵਾ (ਪ੍ਰਤੀ ਕਾਨਟ੍ਰੈਕਟ ਦਾ ਚਾਰ ਗੁਣਾ, ਇੱਕ ਬਿਮਾਰੀ ਲਈ ਇੱਕ ਵਾਰ ਭੁਗਤਾਨਯੋਗ) ਹੋ ਸਕਦਾ ਹੈ, ਬੀਮੇ ਦੀ ਰਕਮ ਨੂੰ ਘਟਾਏ ਬਿਨਾਂ।

**ਰੋਕਥਾਮ + ਹੇਠ ਲਿਖੀਆਂ ਸੱਤ ਸਥਿਤੀਆਂ ਨੂੰ ਕਵਰ ਕਰਦਾ ਹੈ:**

- ਬ੍ਰਸਟ ਕੈਂਸਰ (ductal carcinoma  in situ of the breast)
- ਕ੍ਰੋਨਿਕ ਲਿਮਫੋਸਾਈਟਿਕ ਲਿਊਕੇਮੀਆ (CLL) ਰਾਏ ਪੜਾਅ 0
- ਕੋਰੋਨਰੀ ਐਂਜੀਓਪਲਾਸਟੀ
- ਅੰਤੜੀਆਂ ਦਾ ਕੈਂਸਰ (ਗੈਸਟ੍ਰੋਇੰਟੇਸਟਾਈਨਲ ਸਟ੍ਰੋਮਲ ਟਿਊਮਰ (GIST) ਅਤੇ ਨਿਊਰੋਐਂਡੋਕ੍ਰਾਈਨ ਟਿਊਮਰ (AJCC ਪੜਾਅ 2 ਤੋਂ ਘੱਟ ਵਰਗੀਕ੍ਰਿਤ))
- ਪ੍ਰੋਸਟੇਟ ਕੈਂਸਰ (ਪੜਾਅ A T1a ਜਾਂ T1b)
- ਚਮੜੀ ਦਾ ਕੈਂਸਰ (ਪੜਾਅ 1 ਘਾਤਕ ਮੇਲਾਨੋਮਾ)
- ਥਾਇਰਾਇਡ ਕੈਂਸਰ (ਪੈਪਿਲਰੀ ਜਾਂ ਫੌਲਿਕਯੁਲਰ ਪੜਾਅ T1)

ਜਦੋਂ ਨਿਦਾਨ ਵਧੇਰੇ ਗੰਭੀਰ ਹੁੰਦਾ ਹੈ ਅਤੇ ਗੰਭੀਰ ਬਿਮਾਰੀ ਦੀਆਂ ਪਰਿਭਾਸ਼ਾਵਾਂ ਮੇਲ ਖਾਂਦੀਆਂ ਹਨ, ਤਾਂ ਤੁਹਾਡੀ ਟ੍ਰਾਂਜ਼ਿਸ਼ਨ ਕਵਰੇਜ ਸ਼ੁਰੂ ਹੋ ਜਾਂਦਾ ਹੈ ਅਤੇ ਕਾਨਟ੍ਰੈਕਟ ਵਿੱਚ ਪ੍ਰਦਾਨ ਕੀਤੇ ਗਏ ਲਾਭ ਦਾ ਭੁਗਤਾਨ ਕਰਦਾ ਹੈ।

### 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਵਾਧੂ ਬਿਮਾਰੀਆਂ

ਟ੍ਰਾਂਜ਼ਿਸ਼ਨ - 25 ਬੀਮਾਰੀਆਂ ਅਤੇ ਟ੍ਰਾਂਜ਼ਿਸ਼ਨ - 4 ਬੀਮਾਰੀਆਂ ਬੀਮੇ ਵਾਲੇ ਵਅਕਤੀ ਦੇ 25ਵੇਂ ਜਨਮਦਿਨ ਤੱਕ ਹੇਠ ਲਿਖੀਆਂ ਗੰਭੀਰ ਬਿਮਾਰੀਆਂ ਅਤੇ ਡਾਕਟਰੀ ਸਥਿਤੀਆਂ ਨੂੰ ਵੀ ਕਵਰ ਕਰਦੀ ਹੈ।

- ਕਿਸਮ 1 ਸ਼ੂਗਰ ਰੋਗ
- ਮਾਸਪੇਸ਼ੀ ਡਾਇਸਟ੍ਰੋਫੀ
- ਸਿਸਟਿਕ ਫਾਈਬਰੋਸੀਸ
- ਜਮਾਂਦਰੂ ਦਿਲ ਦੀ ਬਿਮਾਰੀ
- ਸੇਰੇਬ੍ਰਲ ਪਾਲਸੀ

### ਮੈਡੀਗਾਈਡ ਦੇ ਨਾਲ ਮੈਡੀਕਲ ਦੂਜੀ ਰਾਏ ਦੀ ਸੇਵਾ, ਇੱਕ ਗਲੋਬਲ ਮੋਹਰੀ

ਟ੍ਰਾਂਜ਼ਿਸ਼ਨ ਕਵਰੇਜ ਦੇ ਨਾਲ, ਤੁਹਾਨੂੰ ਬਿਨਾਂ ਕਿਸੇ ਵਾਧੂ ਖਰਚੇ ਦੇ ਮੈਡੀਗਾਈਡ ਮੈਡੀਕਲ ਦੂਜੀ ਰਾਏ ਦੀ ਸੇਵਾ ਤੱਕ ਅਸੀਮਤ ਪਹੁੰਚ ਵੀ ਮਿਲਦੀ ਹੈ। ਜੇਕਰ ਤੁਹਾਨੂੰ ਤੁਹਾਡੇ ਸਰੀਰ ਵਿੱਚ ਕਿਸੇ ਗੰਭੀਰ ਬਿਮਾਰੀ (ਭਾਵੇਂ ਤੁਹਾਡੇ ਕਾਨਟ੍ਰੈਕਟ ਦੇ ਅਧੀਨ ਸ਼ਾਮਲ ਕੀਤੀ ਗਈ ਹੋਵੇ ਜਾਂ ਨਾ) ਦਾ ਪਤਾ ਲਗਦਾ ਹੈ, ਤਾਂ ਇਹ ਸੇਵਾ ਤੁਹਾਨੂੰ ਮਾਹਰ ਡਾਕਟਰਾਂ ਦੇ ਇੱਕ ਸਮੂਹ ਤੱਕ ਪਹੁੰਚ ਦਿੰਦੀ ਹੈ ਜੋ ਸ਼ੁਰੂਆਤੀ ਤਸ਼ਖ਼ੀਸ ਦੀ ਪੁਸ਼ਟੀ ਕਰ ਸਕਦੇ ਹਨ ਅਤੇ ਤੁਹਾਡੀ ਸਥਿਤੀ ਦੇ ਮੁਤਾਬਕ ਇਲਾਜ ਦੀ ਯੋਜਨਾ ਦਾ ਸੁਝਾਅ ਦੇ ਸਕਦੇ ਹਨ।

ਥੋੜ੍ਹਾ ਜਿਹਾ ਵਾਧੂ ਭਰੋਸਾ!

## ਅਚਾਨਕ ਸਿਹਤ ਸਬੰਧੀ ਸਮੱਸਿਆਵਾਂ?

ਛਾਤੀ ਦੇ ਕੈਂਸਰ ਵਾਲੀ ਇਕ ਮਾਂ ਨੂੰ **ਇੱਕ ਸਾਲ ਵਿੱਚ $ 15,000** ਤੋਂ ਵੱਧ  ਦੇ ਖਰਚਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜਿਵੇਂ ਘਰੇਲੂ ਦਵਾਈਆਂ, ਉਸਦੇ ਬੱਚੇ ਦੇ ਚਾਈਲਡ ਕੇਅਰ ਦੇ ਖਰਚੇ, ਅਤੇ ਕਵਰ ਨਾ ਹੋਣ ਵਾਲੀ ਮੈਡੀਕਲ ਅਤੇ ਹਸਪਤਾਲ ਪਾਰਕਿੰਗ ਫੀਸਾਂ। ਇਸ ਸਥਿਤੀ ਦੀ ਕਲਪਨਾ ਕਰਨਾ ਆਸਾਨ ਹੈ ਜਿਸ ਵਿਚ ਉਹ ਮਹਿਸੂਸ ਕਰਦੀ ਹੈ ਜਿਵੇਂ ਉਹ "ਦੋ ਪ੍ਰੇਤਾਂ" ਨਾਲ ਰਹਿ ਰਹੀ ਹੋਵੇ: ਕੈਂਸਰ ਅਤੇ ਉਸਦੇ ਸਿਰ ਉੱਤੇ ਵਿੱਤੀ ਬੋਝ!

ਟ੍ਰਾਂਜ਼ਿਸ਼ਨ ਗੰਭੀਰ ਬੀਮਾਰੀ ਬੀਮਾ: ਆਪਣੀ ਜ਼ਿੰਦਗੀ ਵਿੱਚੋਂ ਚਿੰਤਾ ਨੂੰ ਦੂਰ ਕਰੋ ਤਾਂ ਜੋ ਤੁਸੀਂ ਆਪਣੀ ਰਿਕਵਰੀ 'ਤੇ ਧਿਆਨ ਦੇ ਸਕੋ।

ਟ੍ਰਾਂਜ਼ਿਸ਼ਨ ਤੁਹਾਡੀ ਵਿੱਤੀ ਸਿਹਤ ਅਤੇ ਜੀਵਨ ਸ਼ੈਲੀ ਦੀ ਰੱਖਿਆ ਕਰਦਾ ਹੈ

*ਅਸਲ ਜ਼ਿੰਦਗੀ ਦੀ ਕਹਾਣੀ!*

### ਇੱਕ ਸਿਆਣਾ ਫੈਸਲਾ

35 ਸਾਲ ਦੀ ਉਮਰ ਵਿੱਚ, ਸਕਾਟ ਡੈਂਪਸੀ, ਨੋਵਾ ਸਕੋਸ਼ੀਆ ਦਾ ਇੱਕ ਸਿਹਤਮੰਦ ਨਿਵਾਸੀ, ਨੇ ਆਪਣੇ ਵਿੱਤੀ ਸਲਾਹਕਾਰ ਦੀ ਸਿਫ਼ਾਰਿਸ਼ 'ਤੇ ਟ੍ਰਾਂਜਿਸ਼ਨ ਖਰੀਦੀ।

ਨੌਂ ਸਾਲਾਂ ਬਾਅਦ, ਇਹ ਫੈਸਲਾ ਫਾਇਦੇਮੰਦ ਸਾਬਤ ਹੋਇਆ, ਕਿਉਂਕਿ ਬਦਕਿਸਮਤੀ ਨਾਲ ਉਸਨੂੰ ਇੱਕ ਅਜਿਹੀ ਬਿਮਾਰੀ ਹੋ ਗਈ ਜਿਸ ਕਾਰਨ ਉਸਦੀ ਦੋਹਾਂ ਅੱਖਾਂ ਦੀ ਨਜ਼ਰ ਚੱਲੀ ਗਈ। ਪਰਿਵਾਰ ਦਾ ਮੁੱਖ ਕਮਾਉਣ ਵਾਲਾ ਹੋਣ ਵੱਜੋਂ ਦੇ ਨਾਤੇ, ਉਸਨੇ ਆਪਣੀ ਨੌਕਰੀ ਗੁਆ ਦਿੱਤੀ ਅਤੇ ਉਸ ਕੋਲ ਆਪਣਾ ਘਰ ਵੇਚਣ ਤੋਂ ਇਲਾਵਾ ਹੋਰ ਕੋਈ ਵਿਕਲਪ ਨਹੀਂ ਸੀ।

ਖੁਸ਼ਕਿਸਮਤੀ ਨਾਲ, ਕੁੱਝ ਚਿਰ ਬਾਅਦ, ਸਲਾਹਕਾਰ ਗ੍ਰੇਗ ਬਾਲਡਵਿਨ ਸਕੌਟ ਦੇ ਘਰ ਆਇਆ ਅਤੇ ਇਹ ਉਮੀਦਭਰੀ ਖਬਰ ਸੁਣਾਈ ਕਿ **ਉਸ ਕੋਲ $100,000 ਦਾ ਚੈੱਕ ਸੀ!**

ਸਕੌਟ ਨੇ ਉਸਨੂੰ ਅੱਖਾਂ ਵਿੱਚ ਹੰਝੂਆਂ ਦੇ ਨਾਲ ਜੱਫੀ ਪਾ ਲਈ, ਅਤੇ ਉਸਦੀ ਪਤਨੀ ਮੇਲਾਨੀ ਉਹਨਾਂ ਦੇ ਘਰ ਦੀ ਵਿਕਰੀ ਦਾ ਸਾਈਨ ਉਤਾਰਨ ਲਈ ਬਾਹਰ ਆਉਂਦੀ ਹੈ।




## iA ਫਾਇਨੈਂਸ਼ੀਅਲ ਗਰੁੱਪ - ਮਾਇਨੇ ਰੱਖਣ ਲਈ ਕਾਫ਼ੀ ਵੱਡਾ, ਦੇਖਭਾਲ ਲਈ ਕਾਫ਼ੀ ਛੋਟਾ

iA ਫਾਈਨੈਂਸ਼ੀਅਲ ਗਰੁੱਪ, ਕੈਨੇਡਾ ਦੇ ਬੀਮਾ ਅਤੇ ਦੌਲਤ ਪ੍ਰਬੰਧਨ ਉਦਯੋਗ ਵਿੱਚ ਮੋਹਰੀ, 130 ਸਾਲਾਂ ਤੋਂ ਵੱਧ ਸਮੇਂ ਤੋਂ ਕੈਨੇਡਾ ਦੇ ਲੋਕਾਂ ਦੀ ਸੇਵਾ ਕਰ ਰਿਹਾ ਹੈ ਅਤੇ ਉਹਨਾਂ ਦਾ ਵਿਸ਼ਵਾਸ ਕਮਾ ਰਿਹਾ ਹੈ। ਕਿਉਂਕਿ ਸਾਡੇ ਗਾਹਕਾਂ ਦੀਆਂ ਲੋੜਾਂ ਲਗਾਤਾਰ ਵਿਕਸਤ ਹੋ ਰਹੀਆਂ ਹਨ, ਅਸੀਂ ਵੱਖ-ਵੱਖ ਬੀਮਾ ਉਤਪਾਦਾਂ ਅਤੇ ਵਿੱਤੀ ਸੇਵਾਵਾਂ ਦੀ ਸੱਭ ਤੋਂ ਜਿਆਦਾ ਵਿਆਪਕ ਲੜੀ ਪ੍ਰਦਾਨ ਕਰਦੇ ਹਾਂ।

ਸਾਡਾ ਮਿਸ਼ਨ ਆਪਣੇ ਗਾਹਕਾਂ ਦੇ ਨਿਜੀ ਟੀਚਿਆਂ ਨੂੰ ਪੂਰਾ ਕਰਨ ਵਿੱਚ ਉਨ੍ਹਾਂ ਦੀ ਮਦਦ ਕਰਨ ਲਈ, ਉਨ੍ਹਾਂ ਨੂੰ ਨਿਜੀ ਬੀਮਾ ਕਵਰੇਜ ਅਤੇ ਨਿਵੇਸ਼ ਦੇ ਸਮਾਧਾਨ ਪੇਸ਼ ਕਰਕੇ ਉਨ੍ਹਾਂ ਦੀ ਖੁਸ਼ਹਾਲੀ ਨੂੰ ਯਕੀਨੀ ਬਣਾਉਣਾ ਹੈ।

ਟ੍ਰਾਂਜਿਸ਼ਨ ਗੰਭੀਰ ਬੀਮਾਰੀ ਬੀਮੇ ਬਾਰੇ ਅੱਜ ਹੀ ਆਪਣੇ ਸਲਾਹਕਾਰ ਨਾਲ ਗੱਲ ਕਰੋ।



F13-435P(23-01) ACC

**ਤੁਹਾਡੇ 'ਚ ਇਨਵੈਸਟੇਡ।**

iA ਫਾਈਨੈਂਸ਼ੀਅਲ ਗਰੁੱਪ **ਇੰਡਸਟਰੀਅਲ ਅਲਾਇੰਸ ਇੰਸ਼ੋਰੈਂਸ ਐਂਡ ਫਾਈਨੈਂਸ਼ੀਅਲ ਸਰਵਿਸਿਜ਼ ਇੰਕ.**
1-844-442-4636 ਦਾ ਵਪਾਰਕ ਨਾਮ ਅਤੇ ਟ੍ਰੇਡਮਾਰਕ ਹੈ।

**ia.ca**